Received: Mar '22
Revised:
Accepted: Apr '22

© 2022 by the authors. This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/).

# ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਦਾ ਇਤਿਹਾਸਕ, ਰਾਜਨੀਤਕ, ਭਾਈਚਾਰਕ ਤੇ ਦਮਨਕਾਰੀ ਸੰਦ੍ਰਿਸ਼

## (ਨਾਨਕ ਸਿੰਘ ਰਚਿਤ 'ਖ਼ੂਨੀ ਵਿਸਾਖੀ' ਦੇ ਪ੍ਰਸੰਗ 'ਚ)

# HISTORICAL, POLITICAL, COMMUNITARIAN AND OPPRESSIVE PERSPECTIVES ON THE JALLIANWALA BAGH MASSACRE (IN THE CONTEXT OF 'KHOONI BAISAKHI' BY NANAK SINGH)

**Dr. Labh Singh Kheeva**
Dean (Retd.), Guru Kashi University, Talwandi Sabo, Bathinda (Pb.)
E-mail: kheevals@yahoo.in

**ABSTRACT**

*ਜਲ੍ਹਿਆਂਵਾਲੇ ਬਾਗ਼ ਦਾ ਸਾਕਾ ਅੰਗਰੇਜ਼ਸ਼ਾਹੀ ਤੋਂ ਮੁਕਤੀ ਪਾਉਣ ਲਈ ਭਾਰਤੀਆਂ ਵਲੋਂ ਵਿੱਢੇ ਸੰਗਰਾਮ ਦੇ ਇਤਿਹਾਸ ਵਿਚ ਇਕ ਅਮਿੱਟ ਛਾਪ ਰੱਖਦਾ ਹੈ। ਨਾਨਕ ਸਿੰਘ ਆਪਣੀ 'ਖ਼ੂਨੀ ਵਿਸਾਖੀ' ਪੁਸਤਕ ਵਿਚ ਇਸ ਸਾਕੇ ਦਾ ਇਤਿਹਾਸਕ, ਰਾਜਨੀਤਕ, ਭਾਈਚਾਰਕ ਤੇ ਦਮਨਕਾਰੀ ਸੰਦ੍ਰਿਸ਼ ਇਸ ਪੱਧਰ ਤੱਕ ਪ੍ਰਮਾਣਿਕ ਰੂਪ ਵਿਚ ਬਿਆਨ ਕਰਦਾ ਹੈ। ਇਸ ਵਿਚ ਲੇਖਕ ਨੇ ਲੋਕਾਂ ਦੀ ਏਕਤਾ, ਦੇਸ਼ਭਗਤੀ ਦਾ ਜਜ਼ਬਾ ਤੇ ਸਰਕਾਰੀ ਅੱਤਿਆਚਾਰ ਦੀ ਇੰਤਹਾ ਨੂੰ ਬੜੀ ਮਾਰਮਿਕ ਸ਼ਬਦਾਵਲੀ ਦੀ ਕਲਾ ਨਾਲ ਵਰਨਣ ਕੀਤਾ ਹੈ। ਇਹ ਇਕ ਤਵਾਰੀਖੀ ਦਸਤਾਵੇਜ਼ ਹੈ, ਜਿਸ ਵਿਚ ਇਹਿਤਾਸਕ, ਰਾਜਨੀਤਕ, ਭਾਈਚਾਰਕ ਤੇ ਦਮਨਕਾਰੀ ਸੰਦ੍ਰਿਸ਼ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨੂੰ ਜਾਣਨ, ਸਮਝਣ, ਵਿਵੇਚਨ ਅਤੇ ਸੰਸ਼ਲੇਸ਼ਣ ਲਈ ਭਰੋਸੇਯੋਗ ਕਾਰਕ ਹਨ।*

*The Jallianwala Bagh massacre leaves an indelible mark on the history of the struggle waged by the Indians for liberation from British rule. Nanak Singh in his book 'Khooni Baisakhi' narrates the historical, political, Communitarian and oppressive context of this incident in such an authentic manner. In it, the author describes the unity of the people, the spirit of patriotism and the extremes of government tyranny with the art of very poignant language. It is a chronological document in which historical, political, Communitarian and oppressive contexts are credible factors for knowing, understanding, interpreting and synthesizing the Jallianwala Bagh massacre.*

**ਕੀਵਰਡ -** ਜਲ੍ਹਿਆਂਵਾਲਾ ਬਾਗ, ਸਾਕਾ, ਨਾਨਕ ਸਿੰਘ, ਖ਼ੂਨੀ ਵਿਸਾਖੀ, ਜਨਰਲ ਡਾਇਰ

**Keywords -** Jallianwala Bagh, Massacre, Nanak Singh, Khooni Baisakhi, General Dyer

### ਖੋਜ ਪੇਪਰ

ਜਲ੍ਹਿਆਂਵਾਲੇ ਬਾਗ਼ ਦਾ ਸਾਕਾ ਅੰਗਰੇਜ਼ਸ਼ਾਹੀ ਤੋਂ ਮੁਕਤੀ ਪਾਉਣ ਲਈ ਭਾਰਤੀਆਂ ਵਲੋਂ ਵਿੱਢੇ ਸੰਗਰਾਮ ਦੇ ਇਤਿਹਾਸ ਵਿਚ ਇਕ ਅਮਿੱਟ ਛਾਪ ਰੱਖਦਾ ਹੈ। ਨਿਹੱਥੇ ਲੋਕਾਂ ਉਤੇ ਅੰਗਰੇਜ਼ ਹਕੂਮਤ ਵਲੋਂ ਕੀਤੇ ਕਤਲੇਆਮ ਦੀ ਗੂੰਜ ਦੁਨੀਆਂ ਨੇ ਸੁਣੀ। ਅੰਮ੍ਰਿਤਸਰ ਧਾਰਮਿਕ ਤੌਰ 'ਤੇ ਜੇਕਰ ਸਿੱਖਾਂ ਦਾ ਮੁਕੱਦਸ ਮਰਕਜ਼ ਹੈ, ਦੇਸ਼ਭਗਤਾਂ ਲਈ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਸਦਕਾ ਇਹ ਉਨ੍ਹਾਂ ਦਾ ਵੀ ਪਾਵਨ ਸ਼ਹਿਰ ਹੈ। ਇਹ ਸਾਕਾ 13 ਅਪਰੈਲ 1919 ਨੂੰ ਪੰਜਾਬੀਆਂ ਦੇ ਹਰਮਨ ਪਿਆਰੇ ਮੇਲੇ ਵਿਸਾਖੀ ਦੇ ਦਿਹਾੜੇ ਸਮੇਂ ਵਾਪਰਿਆ, ਇਸ ਲਈ ਪੰਜਾਬ ਦੇ ਨਾਮਵਰ ਨਾਵਲਕਾਰ ਨਾਨਕ ਸਿੰਘ ਨੇ ਇਸ ਤੋਂ ਪ੍ਰਭਾਵਿਤ ਹੋ ਕੇ ਜਿਹੜੀ ਕਾਵਿ-ਰਚਨਾ ਨੂੰ ਕਲਮਬੱਧ ਕੀਤਾ, ਉਸ ਦਾ ਸਿਰਲੇਖ 'ਖ਼ੂਨੀ ਵਿਸਾਖੀ' ਰੱਖਿਆ। ਇਹ ਰਚਨਾ 30 ਮਈ 1920 ਨੂੰ ਲਿਖੀ ਗਈ ਸੀ । ਇਹ ਵੀ ਕਿਹਾ ਜਾਂਦਾ ਹੈ ਕਿ ਲੇਖਕ ਨੇ ਇਹ ਖ਼ੂਨੀ ਸਾਕਾ ਅੱਖੀਂ ਵੇਖਿਆ ਸੀ। ਪਰ ਇਸ ਸੰਬੰਧੀ ਇਤਿਹਾਸਕ ਤੱਥ ਤਸਦੀਕਸ਼ੁਦਾ ਨਹੀਂ ਹਨ।

ਨਾਨਕ ਸਿੰਘ ਆਪਣੀ 'ਖ਼ੂਨੀ ਵਿਸਾਖੀ' ਪੁਸਤਕ ਵਿਚ ਇਸ ਸਾਕੇ ਦਾ ਇਤਿਹਾਸਕ, ਰਾਜਨੀਤਕ, ਭਾਈਚਾਰਕ ਤੇ ਦਮਨਕਾਰੀ ਸੰਦ੍ਰਿਸ਼ ਇਸ ਪੱਧਰ ਤੱਕ ਪ੍ਰਮਾਣਿਕ ਰੂਪ ਵਿਚ ਬਿਆਨ ਕਰਦਾ ਹੈ ਕਿ ਜਿਵੇਂ ਇਹ ਸਭ ਕੁੱਝ ਅੱਖੀਂ ਡਿੱਠਾ ਹੋਵੇ। ਚਲੋ, ਜੇਕਰ ਲੇਖਕ ਸਾਕਾ-ਸਥਲ ਉਤੇ ਉਸ ਸਮੇਂ ਮੌਜੂਦ ਵੀ ਨਹੀਂ ਸੀ, ਫਿਰ ਵੀ ਘਟਨਾ-ਵਾਪਰਨ ਤੇ ਰਚਨਾ-ਸਿਰਜਨ ਦਾ ਅੰਤਰਕਾਲ ਇੰਨਾ ਛੋਟਾ ਹੈ ਕਿ ਸਾਕੇ ਦੇ ਸਮਾਂ-ਸਥਾਨ ਤੇ ਘਟਨਾਵਾਂ ਦੇ ਵੇਰਵਿਆਂ ਦੀ ਪ੍ਰਮਾਣਿਕਤਾ ਉਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਸਗੋਂ ਇਹ ਤੱਥ ਵੀ ਪ੍ਰਮਾਣਿਕਤਾ ਨੂੰ ਬਲਸ਼ਾਲੀ ਬਣਾਉਂਦਾ ਹੈ ਕਿ ਕਿਤਾਬ ਦਾ ਰਚੇਤਾ ਅੰਮ੍ਰਿਤਸਰ ਦਾ ਵਸਨੀਕ ਸੀ, ਜਿਸ ਕਾਰਨ ਅੱਖੀਂ ਵੇਖੀ ਨਾ ਸਹੀ, ਕੰਨੀ ਸੁਣੀ ਦਾਸਤਾਂ ਵੀ ਰਚਨਾ ਨੂੰ ਪ੍ਰਮਾਣਿਕ ਬਣਾ ਦਿੰਦੀ ਹੈ। ਲੇਖਕ ਨੇ ਸਾਰੇ

ਵਾਕਿਆਆਤ ਕੰਨੀਂ ਵੀ ਸੁਣੇ ਅਤੇ ਜਾ ਕੇ ਖ਼ੁਦ ਵੇਖੇ ਵੀ ਹੋ ਸਕਦੇ ਹਨ। ਨਾਵਲਕਾਰ ਵੱਜੋਂ ਸਥਾਪਿਤ ਹੋਣ ਤੋਂ ਪਹਿਲਾਂ ਨਾਨਕ ਸਿੰਘ ਆਪਣੀ ਜਾਣ-ਪਹਿਚਾਣ ਇਕ ਕਵੀਸਰ ਵਜੋਂ ਵੀ ਕਰਾਉਂਦਾ ਸੀ। ਜਿਸ ਕਰਕੇ 'ਖ਼ੂਨੀ ਵਿਸਾਖੀ' ਰਚਨਾ ਦੇ ਕਲਾਤਮਿਕ ਪੱਖ ਉਤੇ ਉੱਗਲੀ ਨਹੀਂ ਰੱਖੀ ਜਾ ਸਕਦੀ ਪਰ ਇਥੇ ਇਸ ਰਚਨਾ ਦੀ ਬਿਰਤਾਂਤ-ਸ਼ੈਲੀ ਅਤੇ ਇਸਦੇ ਵਸਤੂ-ਯਥਾਰਥ ਦੇ ਇਤਿਹਾਸਕ, ਰਾਜਨੀਤਕ, ਭਾਈਚਾਰਕ ਤੇ ਦਮਨਕਾਰੀ ਸੰਦ੍ਰਿਸ਼ ਦੀ ਦਸਤਾਵੇਜ਼ੀ ਪੇਸ਼ਕਾਰੀ ਜ਼ੇਰ-ਬਹਿਸ ਹੈ। ਇਸ ਕਾਵਿ-ਰਚਨਾ ਦਾ ਆਰੰਭ 'ਮੰਗਲਾ ਚਰਨ' ਦੀ ਥਾਂ 'ਪ੍ਰਾਰਥਨਾ' ਦੇ ਉਪ-ਸਿਰਲੇਖ ਨਾਲ ਕੀਤਾ ਗਿਆ ਹੈ :

*-ਚਲੇ ਨਾਲ ਸਰੂਰ ਮਸਰੂਰ ਹੋ ਕੇ,*
*ਕਲਮ ਦਾਸ ਦੀ ਤੇਜ਼ ਰਫ਼ਤਾਰ ਸਤਿਗੁਰ।*
*ਦੱਸੇ ਹਾਲ ਅੱਜ ਉਹਨਾਂ ਬੇਦੋਸ਼ਿਆਂ ਦਾ,*
*ਜਿਹੜੇ ਦੇਸ਼ ਪਰ ਹੋਏ ਨਿਸਾਰ ਸਤਿਗੁਰ।*
*ਫੋਟੋ ਖਿੱਚ ਕੇ ਵਿਛੜੇ ਸੱਜਣਾਂ ਦਾ,*
*ਰੱਖ ਦਿਆਂ ਮੈਂ ਵਿਚ ਸੰਸਾਰ ਸਤਿਗੁਰ।*

ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਦਾ ਇਤਿਹਾਸਕ ਸੰਦ੍ਰਿਸ਼ ਮਾਰਚ 1919 ਵਿਚ ਬਰਤਾਨਵੀ ਭਾਰਤ ਸਰਕਾਰ ਵੱਲੋਂ ਪਾਸ ਕੀਤੇ ਰੋਲਟ ਬਿੱਲ (Rowlatt Bills) ਨਾਲ ਗੂੜ੍ਹੀ ਤਰ੍ਹਾਂ ਜੁੜਿਆ ਹੋਇਆ ਹੈ। 1915 'ਚ ਪਹਿਲੀ ਸੰਸਾਰ ਜੰਗ ਦੌਰਾਨ ਬਣਾਏ ਕਾਨੂੰਨਾਂ ਦੀ ਥਾਂ ਰੋਲਟ ਬਿੱਲ ਨੇ ਲੈਣੀ ਸੀ। ਹਰ ਤਰ੍ਹਾਂ ਦੀ ਰਾਜਸੀ ਸਰਗਰਮੀ ਨੂੰ ਰੋਕਣ ਲਈ ਇਹ ਬਿੱਲ ਲਿਆਂਦਾ ਗਿਆ ਸੀ। ਮਹਾਤਮਾ ਗਾਂਧੀ ਨੇ ਇਸ ਬਿੱਲ ਵਿਰੁੱਧ ਸਤਿਆਗ੍ਰਹਿ ਕਰਨ ਦਾ ਸੱਦਾ ਦਿੱਤਾ। 'ਕਾਲੇ ਬਿੱਲ' ਵੱਜੋਂ ਇਸ ਕੀ ਵਿਰੋਧਤਾ ਕੀਤੀ ਗਈ। ਅਵਾਮ ਵਿਚ ਇਸ ਬਿੱਲ ਦੀਆਂ ਦਮਨਕਾਰੀ ਮੱਦਾਂ ਵਿਰੁੱਧ ਵਿਸ਼ਾਲ ਰੋਸ ਸੀ :-

*-ਰੋਲਟ ਬਿੱਲ ਨੇ ਘੱਤਿਆ ਆਣ ਰੌਲਾ,*
*ਸਾਰੇ ਹਿੰਦ ਦੇ ਲੋਕ ਉਦਾਸ ਹੋਏ।*
*ਫਾਂਸੀ ਜਮਾਂ ਦੀ ਗੱਲ ਪੈ ਗਈ ਯਾਰੋ,*
*ਜਿਸਨੂੰ ਦੇਖ ਕੇ ਬਹੁਤ ਨਿਰਾਸ਼ ਹੋਏ।*

ਪਹਿਲੀ ਸੰਸਾਰ ਜੰਗ ਦੀ ਜਬਰੀ ਭਰਤੀ ਤੋਂ ਲੋਕ ਪਹਿਲਾਂ ਹੀ ਅਵਾਜ਼ਾਰ ਸਨ। ਹੁਣ ਇਹ ਬਿੱਲ ਪੁਲੀਸ ਨੂੰ ਅਥਾਹ ਤਾਕਤਾਂ ਦਿੰਦਾ ਸੀ ਕਿ ਜਿਸ ਨੂੰ ਮਰਜ਼ੀ ਜੇਲ੍ਹੀਂ ਸੁੱਟਿਆ ਜਾ ਸਕਦਾ ਹੈ ਤੇ ਸਿਆਸੀ ਤੇ ਧਾਰਮਿਕ ਜਲਸਿਆਂ/ਮੁਜ਼ਾਹਰਿਆਂ ਉਤੇ ਗੋਲੀ ਚਲਾਈ ਜਾ ਸਕਦੀ ਹੈ। ਨਾਨਕ ਸਿੰਘ ਇਸ ਬਿੱਲ ਦੇ ਰਾਜਨੀਤਕ ਮਨਸ਼ਿਆਂ ਦਾ ਸੰਦ੍ਰਿਸ਼ ਬਾਖ਼ੂਬੀ ਪੇਸ਼ ਕਰਦਾ ਹੈ :-

*-ਸਾਰੇ ਹਿੰਦ ਨੇ ਕਿਹਾ ਇਕ ਜਾਨ ਹੋ ਕੇ,*
*ਰੋਲਟ ਬਿੱਲ ਨਾ ਮੂਲ ਮਨਜ਼ੂਰ ਕਰਨਾ।*
*ਲੱਖਾਂ ਸੂਰਮੇ ਜੰਗ ਕੁਹਾ ਦਿੱਤੇ,*
*ਹਾਏ ਕੁੱਝ ਤਾਂ ਖ਼ਿਆਲ ਹਜ਼ੂਰ ਕਰਨਾ।*
*-ਦੁੱਖ ਦਿਲਾਂ ਦੇ ਖੋਲ੍ਹ ਸੁਣਾਨ ਖ਼ਾਤਰ,*
*ਥਾਓਂ ਥਾਈਂ ਇਜਲਾਸ ਤਕ ਹੋਣ ਲੱਗ ਪਏ।*
*'ਸਰ ਮਾਇਕਲ ਓਡਵਾਇਰ' ਸਾਹਿਬ,*
*ਮਾਰਸ਼ਲ ਲਾਅ ਦਾ ਹੁਕਮ ਚੜ੍ਹੈਣ ਲੱਗ ਪਏ।*
*ਪਕੜ ਪਕੜ ਬੇਦੋਸ਼ਿਆਂ ਆਜ਼ਜ਼ਾਂ ਨੂੰ,*
*ਜੇਲ੍ਹਖਾਨਿਆਂ ਵਿਚ ਪਹੁੰਚੈਣ ਲੱਗ ਪਏ।*

ਹੱਥਲੀ ਪੁਸਤਕ 'ਖ਼ੂਨੀ ਵਿਸਾਖੀ' ਵਿਚ ਧਾਰਮਿਕ ਬਖੇੜਿਆਂ ਨੂੰ ਤਿਆਗ ਜਿਹੜੀ ਭਾਈਚਾਰਕ ਸਾਂਝ ਦਾ ਮਨਮੋਹਨਾ ਸੰਦ੍ਰਿਸ਼ ਪ੍ਰਸਤੁਤ ਹੁੰਦਾ ਹੈ, ਉਹ ਵੀ ਇਥੇ ਕਾਬਿਲੇ-ਜ਼ਿਕਰ ਹੈ। ਇਸ ਸਾਂਝ ਦੇ ਪ੍ਰਤੀਕ ਦੋ ਤਿਉਹਾਰ ਬਣਦੇ ਹਨ-ਰਾਮਨੌਮੀ ਤੇ ਵਿਸਾਖੀ। ਰੋਲਟ ਬਿੱਲਾਂ ਵਰਗੇ ਕਾਲੇ ਕਾਨੂੰਨ ਅਤੇ ਇਨ੍ਹਾਂ ਵਿਰੁੱਧ ਉੱਠਦੇ ਆਕਰੋਸ਼ ਨੂੰ ਗੈਰ-ਮਾਨਵੀ ਤਸ਼ੱਦਦ ਨਾਲ ਦਬਾਉਣ ਦੇ ਅਮਲਾਂ ਸਦਕਾ ਇਸ ਸਾਂਝ ਦਾ ਨਿਰਮਾਣ ਹੁੰਦਾ ਹੈ। ਰੋਲਟ ਬਿੱਲ ਵਿਰੁੱਧ ਭਖੇ ਮਾਹੌਲ ਦੌਰਾਨ ਅੰਮ੍ਰਿਤਸਰ ਵਿਖੇ ਰਾਮਨੌਮੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਡਾਕਟਰ ਕਿਚਲੂ ਤੇ ਸੱਤਿਆਪਾਲ ਵਰਗੇ ਦੇਸ਼ਭਗਤਾਂ ਦੀ ਜੋੜੀ ਤਿੰਨਾਂ ਧਾਰਮਿਕ ਫਿਰਕਿਆਂ ਨੂੰ ਰਾਮਨੌਮੀ ਦਿਵਸ ਉਤੇ ਇਕੱਠੇ ਕਰ ਦਿੰਦੀ ਹੈ। ਇਹ ਸਾਂਝ ਅੱਗੇ ਜਾ ਕੇ ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲਾ ਬਾਗ਼ ਅੰਦਰ ਰੱਖੇ ਜਲਸੇ ਵਿਚ ਭਾਰੀ ਉਤਸ਼ਾਹ ਨਾਲ ਨਮੂਦਾਰ ਹੁੰਦੀ ਹੈ ਤੇ ਅੰਗਰੇਜ਼-ਪੁਲੀਸ ਦੇ ਹੁਕਮਾਂ ਅੱਗੇ ਵੰਗਾਰ ਬਣ ਕੇ ਖੜ੍ਹਦੀ ਹੈ। ਇਸ ਭਾਈਚਾਰਕ ਏਕੇ ਨੂੰ ਬਾਕਮਾਲ ਕਾਵਿਬੱਧ ਕੀਤਾ ਗਿਆ ਹੈ। ਇਥੇ ਇਹ ਬੰਦ ਬਾਪ੍ਰਸੰਗ ਹਨ :-

*-ਸਾਰੇ ਸਿੱਖ, ਹਿੰਦੂ ਅਤੇ ਮੁਸਲਮਾਨਾਂ,*
*ਰਲ-ਮਿਲ ਇਹ ਖ਼ੂਬ ਮਨਾਇਆ ਜੀ।*
*ਮੁਸਲਮਾਨਾਂ ਨੇ ਅੱਜ ਇਤਫ਼ਾਕ ਵਾਲਾ,*
*ਇਕ ਅਦੁੱਤੀ ਸਬੂਤ ਵਿਖਾਇਆ ਜੀ,*
*ਭਾਵੇਂ ਪੁਰਬ ਸੀ ਅਸਲ ਵਿਚ ਹਿੰਦੂਆਂ ਦਾ,*
*ਐਪਰ ਮੋਮਨਾਂ ਖ਼ੂਬ ਸਜਾਇਆ ਜੀ।*
*-ਪੰਜ ਵਜੇ ਅਪ੍ਰੈਲ ਦੀ ਤੇਰਰਵੀਂ ਨੂੰ,*
*ਲੋਕੀਂ ਬਾਗ਼ ਵੱਲ ਹੋਇ ਰਵਾਨ ਚੱਲੇ।*
*ਦਿਲ ਵਿਚ ਇਨਸਾਫ਼ ਦੀ ਆਸ ਰੱਖ ਕੇ,*
*ਸਾਰੇ ਸਿੱਖ, ਹਿੰਦੂ, ਮੁਸਲਮਾਨ ਚੱਲੇ।*
*ਵਿਰਲੇ ਆਦਮੀ ਸ਼ਹਿਰ ਵਿਚ ਰਹੇ ਬਾਕੀ,*
*ਸਭ ਬਾਲ ਤੇ ਬਿਰਧ ਜਵਾਨ ਚੱਲੇ।*
*ਪੰਛੀ ਬਨਾਂ ਦੇ ਹੋਇਕੇ ਸਭ 'ਕੱਠੇ,*

*ਭੁੱਖੇ ਬਾਜ਼ ਨੂੰ ਅੱਜ ਰਜਾਣ ਚੱਲੇ।*

'ਖੂਨੀ ਵਿਸਾਖੀ' ਵਿਚ ਲੇਖਕ ਨੇ ਲੋਕਾਂ ਦੀ ਏਕਤਾ, ਦੇਸ਼ਭਗਤੀ ਦਾ ਜਜ਼ਬਾ ਤੇ ਸਰਕਾਰੀ ਅੱਤਿਆਚਾਰ ਦੀ ਇੰਤਹਾ ਨੂੰ ਬੜੀ ਮਾਰਮਿਕ ਸ਼ਬਦਾਵਲੀ ਦੀ ਕਲਾ ਨਾਲ ਵਰਨਣ ਕੀਤਾ ਹੈ। ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਦਾ ਹੌਲਨਾਕ ਸੰਦ੍ਰਿਸ਼ ਇਸ ਕਿਤਾਬ ਦੀ ਰਸ-ਨਿਸ਼ਪਤੀ ਦੇ ਰੌਦਰ, ਕਰੁਣਾ ਤੇ ਭਿਆਨਕ ਭਾਵਾਂ ਨੂੰ ਭਲੀ-ਭਾਂਤ ਤੀਖਣ ਰੂਪ ਵਿਚ ਮੂਰਤੀਮਾਨ ਕਰਦਾ ਹੈ। ਜਲ੍ਹਿਆਂਵਾਲੇ ਬਾਗ਼ ਅੰਦਰ ਰੱਖੇ ਜਲਸੇ ਵਿਚ ਹਜੂਮ ਦਾ ਹੁਮ-ਹੁਮਾ ਕੇ ਪੁੱਜਣਾ, ਆਗੂਆਂ ਵੱਲੋਂ ਭਾਸ਼ਨ ਦੇਣੇ, ਜਨਰਲ ਡਾਇਰ ਵੱਲੋਂ ਫੌਜ ਨੂੰ ਗੋਲਾਬਾਰੀ ਦਾਗ਼ਣ ਦੇ ਹੁਕਮ ਦੇਣੇ, ਲੋਕਾਂ ਨੂੰ ਬਾਹਰ ਨਿਕਲਣ ਦਾ ਵਾਜਬ ਮੌਕਾ ਨਾ ਮਿਲਣਾ, ਸੌੜੇ ਰਾਸਤੇ ਭੱਜਣ ਲਈ ਮਜਬੂਰ ਹੋਣਾ, ਲੋਥਾਂ ਦੇ ਅੰਬਾਰ ਲੱਗਣੇ, ਸਕੇ-ਸਬੰਧੀਆਂ ਵੱਲੋਂ ਆਪਣਿਆਂ ਦੀ ਭਾਲ ਕਰਨੀ ਤੇ ਉਨ੍ਹਾਂ ਦਾ ਰੋਣਾ-ਪਿੱਟਣਾ, ਗੋਲਾਬਾਰੀ ਦੇ ਅਗਲੇ ਦਿਨ ਅੰਮ੍ਰਿਤਸਰ ਦੇ ਲੋਕਾਂ ਵਲੋਂ ਮ੍ਰਿਤਕਾਂ ਅਰਥਾਤ ਸ਼ਹੀਦਾਂ ਦੀਆਂ ਲਾਸ਼ਾਂ ਨੂੰ ਸਮੇਟਣਾ ਆਦਿ ਦੇ ਕਾਵਿ-ਬਿਰਤਾਂਤ ਇਸ ਸਾਕੇ ਦੇ ਜ਼ਾਲਮੀ ਪਹਿਲੂਆਂ ਦੀ ਦਾਸਤਾਂ ਬਿਆਨ ਕਰ ਰਹੇ ਹਨ। ਇਨ੍ਹਾਂ ਪਹਿਲੂਆਂ ਨੂੰ ਕਾਵਿਕ ਜ਼ੁਬਾਂ ਇਨ੍ਹਾਂ ਬੰਦਾਂ ਵਿਚ ਦਿੱਤੀ ਹੈ :-

*-ਠੀਕ ਵਕਤ ਸਾਢੇ ਪੰਜ ਵਜੇ ਦਾ ਸੀ,*
*ਲੋਕ ਜਮ੍ਹਾ ਹੋਏ ਕਈ ਹਜ਼ਾਰ ਪਿਆਰੇ।*
*ਲੀਡਰ ਦੇਸ ਦਾ ਦੁੱਖ-ਫਰੋਲਣੇ ਨੂੰ,*
*ਲੈਕਚਰ ਦੇਂਵਦੇ ਸਨ ਵਾਰੋ-ਵਾਰ ਪਿਆਰੇ।*
*-ਅੱਜ ਲਫ਼ਜ਼ ਤਦਬੀਰ ਮੂੰਹ ਵਿਚ ਹੈਸੀ,*
*ਓਧਰ ਫੌਜ ਨੇ ਧੂੜ ਧੁਮਾ ਦਿੱਤੀ।*
*ਥੋੜ੍ਹੀ ਦੇਰ ਪਿੱਛੋਂ ਫੌਜ ਗੋਰਖੇ ਦੀ,*
*ਜਨਰਲ ਡਾਇਰ ਨੇ ਅਗਾਂਹ ਵਧਾ ਦਿੱਤੀ।*
*ਦੇ ਕੇ ਹੁਕਮ ਨਹੱਕੇ ਨਿਮਾਣਿਆਂ 'ਤੇ,*
*ਕਾੜ-ਕਾੜ ਬੰਦੂਕ ਚਲਾ ਦਿੱਤੀ।*
*-ਭੀੜੇ ਰਾਹ ਹੈ ਸਨ ਏਸ ਬਾਗ਼ ਦੇ ਜੀ,*
*ਇਕ ਰੋਕਿਆ ਉਹਨਾਂ ਨੇ ਆਣ ਉਥੇ।*
*ਕੋਈ ਰਾਹ ਨਾ ਜਾਣ ਨੂੰ ਰਿਹਾ ਬਾਕੀ,*
*ਕਿਦਾਂ ਬਚ ਕਰਕੇ ਨਿਕਲ ਜਾਣ ਉਥੇ।*

ਲੇਖਕ ਨੇ ਇਸ ਸਾਕੇ ਵਿਚ ਮੋਏ ਰਿਸ਼ਤੇਦਾਰਾਂ ਦੀਆਂ ਵੱਖੋ-ਵੱਖ ਵੰਨਗੀਆਂ ਲਈ ਵੱਖਰੇ ਉਪ-ਸਿਰਲੇਖ ਵੀ ਅੰਕਿਤ ਕੀਤੇ ਹਨ ਤੇ ਉਨ੍ਹਾਂ ਦੇ ਦੁੱਖਾਂ-ਦਰਦਾਂ ਨੂੰ ਵੀ ਕਵਿਤਾਇਆ ਹੈ। ਇਨ੍ਹਾਂ ਰਿਸ਼ਤਿਆਂ ਵਿਚ ਬੱਚੇ, ਪਤੀ, ਭੈਣਾਂ ਆਦਿ ਦੇ ਵਿਰਲਾਪ ਨੂੰ 'ਵਾਕ ਕਵੀ' ਦੀ ਕਥਾ-ਜੁਗਤ ਵਿਚ ਸਮੇਟਿਆ ਹੈ :-

*-ਕੀ ਮੈਂ ਦੂਸਰੇ ਦਿਨ ਦਾ ਹਾਲ ਦੱਸਾਂ,*
*ਦਿਲ ਕਹੇ ਇਹ ਗੱਲ ਸੁਣਾ ਨਾਹੀ।*
*ਮੰਡੀ ਮੁਰਦਿਆਂ ਦੀ ਥਾਉਂ ਥਈਂ ਲੱਗੀ,*
*ਕਿਤੇ ਦਿਸੇ ਵਪਾਰੀ ਦਾ ਨਾਂ ਨਹੀਂ।*
*ਨਾਨਕ ਸਿੰਘ ਨਾ ਇਨ੍ਹਾਂ ਵਿਚ ਕੋਈ ਐਸਾ,*
*ਜਿਸ 'ਤੇ ਹੋਈ ਬੰਦੂਕ ਦੀ ਠਾਹ ਨਹੀਂ।*

ਵਿਸਾਖੀ ਦੇ ਦੂਸਰੇ ਦਿਨ ਮ੍ਰਿਤਕ ਦੇਹਾਂ ਨੂੰ ਪ੍ਰਸ਼ਾਸਨ ਸਮੇਟਣ ਦੀ ਆਗਿਆ ਦਿੰਦਾ ਹੈ। ਮ੍ਰਿਤਕਾਂ ਦੀ ਤਦਾਦ ਨੂੰ ਵੇਖਦਿਆਂ ਨਿਜੀ ਪੱਧਰ 'ਤੇ ਇਨ੍ਹਾਂ ਦੀ ਸਮੇਟਾ-ਸਮੇਟੀ ਸੰਭਵ ਨਹੀਂ ਸੀ। ਇਸ ਕਰਕੇ ਸਮੂਹਿਕ ਪੱਧਰ 'ਤੇ ਇਨ੍ਹਾਂ ਨੂੰ ਚੁੱਕਣ ਤੇ ਸਸਕਾਰ ਕਰਨ ਦੇ ਪ੍ਰਬੰਧ ਲਈ ਵਾਹਨਾਂ ਦਾ ਸਹਾਰਾ ਲਿਆ ਜਾਂਦਾ ਹੈ। ਇਸ ਤ੍ਰਾਸਦਿਕ ਦ੍ਰਿਸ਼ ਦਾ ਸਮੂਰਤੀਕਰਨ ਇਹ ਕਾਵਿ-ਸਤਰਾਂ ਕਲਾਤਮਿਕ ਪੱਧਰ 'ਤੇ ਕਰੇਦੀਆਂ ਹਨ :-

*-ਚੌਦਾਂ ਤ੍ਰੀਕ ਜਾ ਕੇ ਸ਼ਹਿਰ ਵਾਸੀਆਂ ਨੇ,*
*ਲੋਥਾਂ ਆਨ ਸ਼ਹੀਦਾਂ ਦੀਆਂ ਕੱਢੀਆਂ ਜੀ।*
*ਭਲਾਂ ਚੁੱਕਿਆਂ ਕਿੱਥੋਂ ਤੱਕ ਪਵੇ ਪੂਰੀ,*
*ਆਖ਼ਰ ਲੱਦ ਕੇ ਆਦੀਆਂ ਗੱਡੀਆਂ ਜੀ।*

ਇਸ ਕਿਤਾਬ ਦੇ ਅਤਿਆਚਾਰਕ ਸੰਦ੍ਰਿਸ਼ ਵਿਚ ਸੰਬੰਧਿਤ ਜ਼ਾਲਮ ਅਧਿਕਾਰੀ ਨੂੰ ਲਾਹਨਤਾਂ ਦੇ ਕਾਵਿ-ਪ੍ਰਵਚਨ ਵੀ ਸਿਰਜ ਗਏ ਹਨ। ਕਿੱਸਾ-ਕਾਵਿ ਵਿਚ ਹੋਣੀ ਦੀ ਕਾਵਿ-ਵਿਧੀ 'ਖੂਨੀ ਵਿਸਾਖੀ' ਦੀ ਸਿਰਜਨਾਂ ਵੇਲੇ ਵੀ ਇਸਤੇਮਾਲ ਕੀਤੀ ਗਈ ਮਿਲਦੀ ਹੈ। ਲੇਖਕ ਦੀ ਕਾਵਿ-ਦ੍ਰਿਸ਼ਟੀ ਇਨ੍ਹਾਂ ਲਾਹਨਤਾਂ ਨੂੰ ਤਸਦੀਕ ਕਰਦੀ ਹੈ। 'ਸ਼ਹੀਦਾਂ ਵੱਲੋਂ ਜਨਰਲ ਡਾਇਰ ਨੂੰ ਸਰਟੀਫਿਕੇਟ' ਦਾ ਉਪ-ਅਨੁਵਾਨ ਇਸ ਤਸਦੀਕ ਦਾ ਹੀ ਸ਼ਾਹਦ ਹੈ :-

*-ਹਾਏ' ਹਾਏ' ਡਾਇਰ ਓ ਬੇਤਰਸ ਡਾਇਰ,*
*ਕਾਹਨੂੰ ਆਇਓਂ ਤੂੰ ਵਿਚ ਪੰਜਾਬ ਡਾਇਰ।*
*ਜ਼ੁਲਮ ਕਰਦਿਆਂ ਤੈਨੂੰ ਨਾ ਤਰਸ ਆਇਆ,*
*ਕੀ ਤੂੰ ਪੀਤੀ ਸੀ ਉਦੋਂ ਸ਼ਰਾਬ ਡਾਇਰ।*
*ਜਿਵੇਂ ਮਾਰਿਆ ਈ ਅਸਾਂ ਬੇਦੋਸ਼ਿਆਂ ਨੂੰ,*
*ਲਵੇ ਤੈਥੋਂ ਵੀ ਰੱਬ ਹਿਸਾਬ ਡਾਇਰ।*

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਵਾਸਤਵ ਵਿਚ 'ਖੂਨੀ ਵਿਸਾਖੀ' ਇਕ ਤਵਾਰੀਖੀ ਦਸਤਾਵੇਜ਼ ਹੈ। ਇਸ ਅੰਦਰਲੇ ਇਹਿਤਾਸਕ, ਰਾਜਨੀਤਕ, ਭਾਈਚਾਰਕ ਤੇ ਦਮਨਕਾਰੀ ਸੰਦ੍ਰਿਸ਼ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨੂੰ ਜਾਣਨ, ਸਮਝਣ, ਵਿਵੇਚਨ ਅਤੇ ਸੰਸ਼ਲੇਸ਼ਣ ਲਈ ਭਰੋਸੇਯੋਗ ਕਾਰਕ ਹਨ। ਅਜਿਹੀਆਂ ਦਸਤਾਵੇਜ਼ੀ ਲਿਖਤਾਂ ਨੂੰ ਨਵੀਂ ਪੀੜ੍ਹੀ ਲਈ ਦਸਤਯਾਬ ਕਰਨਾ ਚਾਹੀਦਾ ਹੈ।

***ਕਾਵਿ ਹਵਾਲੇ ਅਤੇ ਟਿੱਪਣੀਆਂ***

1. ਖੀਵਾ, ਲਾਭ ਸਿੰਘ (ਡਾ.) , ਪੰਜਾਬੀ ਸਾਕਾ-ਕਾਵਿ : ਪਾਠ ਅਤੇ ਚਿੰਤਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ (2021)